ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫਰੀਡ ਸਾਹਿਤਕ ਅਤੇ ਖੋਜ ਜਰਨਲ ਖੋਜਨਾਮਾ
ISSN: 2584-0509


# ਮੈਨੂੰ ਤੇਰੀ ਕਵਿਤਾ ਚੰਗੀ ਲੱਗਦੀ ਐ



ਸੁਰਿੰਦਰ ਮੁੱਦਕੀ
+91 98767-16213

ਜਿਸ ਵਿਚ ਕਰਦਾਂ ਗੱਲ ਤੂੰ ਤੇਜ ਹਵਾਵਾਂ ਦੀ
ਧੁਖਦੇ ਜੰਗਲ ਸੀਨੇ ਵਿਚ ਸੁਆਵਾਂ ਦੀ
ਇਕ ਬਿੰਦੂ ਵਿਚ ਸਿਮਟੇ ਕੁੱਲ ਖਿਲਾਵਾਂ ਦੀ
ਤੇ ਬਿਖੜਾ ਪੈਂਡਾ ਭਟਕਣ ਚਾਰ ਦਿਸ਼ਾਵਾਂ ਦੀ
ਜਦ ਮੈਂ ਟੁਰਦਾਂ ਅਣਦਿਸਦੇ ਜਿਹੇ ਰਾਹਾਂ ਤੇ
ਏਹ ਤਾਂ ਮੈਨੂੰ ਮੇਰੀ ਸੰਗੀ ਲੱਗਦੀ ਐ
ਮੈਨੂੰ ਤੇਰੀ ਕਵਿਤਾ ਚੰਗੀ ਲੱਗਦੀ ਐ।

ਕਿਧਰੇ ਤੁਰਦੀ ਗੱਲ ਉੱਚੇ ਕਿਰਦਾਰਾਂ ਦੀ
ਸਰਦਲ ਡਿੱਗੇ ਰੱਤ ਭਿੱਜੇ ਅਖ਼ਬਾਰਾਂ ਦੀ
ਮੁਲਕ ਵੰਡੇ ਤੋਂ ਉਜੜ ਗਏ ਘਰ-ਬਾਰਾਂ ਦੀ
ਸੱਚ ਦੀ ਰਾਹ ਕੁਰਬਾਨ ਹੋਏ ਦਿਲਦਾਰਾਂ ਦੀ
ਲਾਲ-ਸਿਆਹੀ ਵਿਚ ਵੀ ਰੰਗੀ ਲੱਗਦੀ ਐ
ਮੈਨੂੰ ਤੇਰੀ ਕਵਿਤਾ ਚੰਗੀ ਲੱਗਦੀ ਐ।

ਭੈਣਾਂ ਦੇ ਚਾਵਾਂ ਜੇਹੇ ਸ਼ਗਨ ਮਨਾਉਂਦੀ ਹੈ
ਬਾਪ ਦੇ ਵਿਛੜਨ ਦਾ ਵੀ ਸੋਗ ਮਨਾਉਂਦੀ ਹੈ
ਮਾਂ ਦੀ ਚੁੱਪ ਨੂੰ ਏਹ ਤਾਂ ਹਰ-ਪਲ ਗਾਉਂਦੀ ਹੈ
ਪੁਰਖੇ ਵੀ ਏਹ ਨਾਲ ਹੀ ਤੋਰ ਲਿਆਉਂਦੀ ਹੈ
ਕਿਰਤ ਸੁਹਜ ਦੀ ਠਾਰੇ ਤਪਦੀਆਂ ਰੂਹਾਂ ਨੂੰ
ਕਦੇ ਏਹ ਢਾਰਸ ਕਦੇ ਉਮੰਗੀ ਲੱਗਦੀ ਐ
ਮੈਨੂੰ ਤੇਰੀ ਕਵਿਤਾ ਚੰਗੀ ਲੱਗਦੀ ਐ।

ਵਿੱਚ ਬ੍ਰਹਿਮੰਡ ਦੇ ਕੁੱਝ ਵੀ ਜੋ ਹੈ
ਗਿਆਨ-ਖੰਡ ਵੱਲ ਰਸਤਾ ਜੋ ਹੈ

ਜਿਸਦੀ ਮੱਥੇ ਫੁੱਟਦੀ ਲੋਅ ਹੈ
ਸੈਲ-ਪੱਥਰ ਵੀ ਇਕੋ ਉਹ ਹੈ
ਸ਼ਬਦਾਂ ਦੇ ਵਿੱਚ ਆਲਮ ਸਾਰਾ ਭਰ ਦੇਵੇ
ਦੋ ਸਤਰਾਂ ਵਿਚ ਪਰਬਤ ਹੌਲੇ ਕਰ ਦੇਵੇ
ਕਲਮ ਤਾਂ ਮੈਨੂੰ ਤੇਰੀ ਫੰਬੀ ਲੱਗਦੀ ਐ
ਮੈਨੂੰ ਤੇਰੀ ਕਵਿਤਾ ਚੰਗੀ ਲੱਗਦੀ ਐ।

(ਸੁਰਿੰਦਰ ਮੁੱਦਕੀ ਨੇ ਇਕ ਕਵਿਤਾ 14/01/2017 ਸੁਰਜੀਤ ਪਾਤਰ ਸਾਹਿਬ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਲਿਖ ਕੇ ਭੇਂਟ ਕੀਤੀ ਸੀ)